# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਆਡਿਟ ਕਮਿਸ਼ਨ (ਲੇਖਾ-ਜੋਖਾ ਕਮਿਸ਼ਨ)

ਆਡਿਟ ਕਮਿਸ਼ਨ ਸਰਕਾਰੀ ਅਤੇ ਜਨਤਕ ਖੇਤਰ ਦੇ ਸੰਗਠਨਾਂ ਨੂੰ ਜਨਤਕ ਖੇਤਰ ਦੀ ਕਾਰਗੁਜ਼ਾਰੀ ਅਤੇ ਜਵਾਬਦੇਹੀ ਵਧਾਉਣ ਵਿੱਚ ਸਹਾਇਤਾ ਲਈ ਸੁਤੰਤਰ, ਪੇਸ਼ੇਵਰ ਅਤੇ ਉੱਚ ਲੇਖਾ-ਜੋਖਾ ਸੇਵਾਵਾਂ ਪ੍ਰਦਾਨ ਕਰਦਾ ਹੈ।

| | |
|---|---|
| ਸਬੰਧਿਤ ਸੇਵਾਵਾਂ | • ਆਡਿਟ ਕਮਿਸ਼ਨ ਸਰਕਾਰ ਅਤੇ ਜਨਤਕ ਖੇਤਰ ਦੇ ਸੰਗਠਨਾਂ ਦੇ ਖਾਤਿਆਂ ਦੀ ਪੜਤਾਲ ਕਰਨ ਲਈ ਨਿਯਮਤ ਤੌਰ ਤੇ ਲੇਖਾ-ਜੋਖਾ ਕਰਦਾ ਹੈ, ਅਤੇ ਉਨ੍ਹਾਂ ਦੀ ਆਰਥਿਕਤਾ, ਕੁਸ਼ਲਤਾ ਅਤੇ ਪ੍ਰਭਾਵਸ਼ੀਲਤਾ ਦੀ ਜਾਂਚ ਕਰਨ ਲਈ ਵਿੱਤੀ ਮੁੱਲ ਦਾ ਲੇਖਾ-ਜੋਖਾ ਕਰਦਾ ਹੈ। |
| ਮੌਜੂਦਾ ਉਪਾਅ | • ਹਾਂਗ ਕਾਂਗ ਦੀਆਂ ਦੋ ਸਰਕਾਰੀ ਭਾਸ਼ਾਵਾਂ (ਅਰਥਾਤ ਚੀਨੀ ਅਤੇ ਅੰਗਰੇਜ਼ੀ) ਵਿੱਚ ਲਿਖਿਆਂ ਲੇਖਾ-ਜੋਖਾ ਡਾਇਰੈਕਟਰ ਦੀਆਂ ਰਿਪੋਰਟਾਂ ਜਨਤਕ ਪਹੁੰਚ ਲਈ ਆਡਿਟ ਕਮਿਸ਼ਨ ਦੀ ਵੈਬਸਾਈਟ ਤੇ ਅਪਲੋਡ ਕੀਤੀਆਂ ਗਈਆਂ ਹਨ।<br><br>• ਸਰਵਿਸ ਕਾਉਂਟਰ ਤੇ ਸੇਵਾ ਨਿਭਾ ਰਹੇ ਕਰਮਚਾਰੀ ਭਾਸ਼ਾ ਸੇਵਾਵਾਂ ਨੀਤੀਆਂ ਦੇ ਨਾਲ ਲੋੜਵੰਦ ਮੁਲਾਕਾਤੀਆਂ ਲਈ ਉਪਲਬਧ ਭਾਸ਼ਾ ਸੇਵਾਵਾਂ ਦੀ ਜਾਣ-ਪਛਾਣ ਕਰਾਉਣ ਲਈ ਨਿਰਧਾਰਤ ਕਾਰਜ ਪ੍ਰਣਾਲੀਆਂ ਤੋਂ ਜਾਣੂ ਹੁੰਦੇ ਹਨ। ਉਹ ਸਰਗਰਮੀ ਨਾਲ ਉਨ੍ਹਾਂ ਮੁਲਾਕਾਤੀਆਂ ਲਈ ਉਪਲਬਧ ਭਾਸ਼ਾ ਸੇਵਾਵਾਂ ਮੁਹਈਆ ਕਰਾਉਣਗੇ ਜਿਨ੍ਹਾਂ ਨੂੰ ਚੀਨੀ ਜਾਂ ਅੰਗਰੇਜ਼ੀ ਵਿੱਚ ਸੰਚਾਰ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਜਿਵੇਂ ਕਿ ਉਨ੍ਹਾਂ ਨੂੰ ਇੱਕ ਭਾਸ਼ਾ ਪਛਾਣ ਕਾਰਡ ਦਿਖਾਉਣਾ।<br><br>• ਨਸਲੀ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਆਮ ਲੋਕਾਂ ਵਲੋਂ ਸਾਡੇ |

ਲੇਖਾ-ਜੋਖਾ ਕੰਮ 'ਤੇ ਸੁਝਾਵਾਂ ਦਾ ਸਵਾਗਤ ਕੀਤਾ ਜਾਂਦਾ ਹੈ।

| | |
|---|---|
| ਭਵਿੱਖ ਦੇ ਕੰਮ ਦਾ ਮੁਲਾਂਕਣ | • ਸਾਡੇ ਨਿਯਮਤ ਮੁਲਾਂਕਣ ਲਈ ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਵਾਲੇ ਮੌਜੂਦਾ ਉਪਾਵਾਂ ਦੀ ਪ੍ਰਭਾਵਸ਼ੀਲਤਾ ਬਾਰੇ ਮੁਲਾਕਾਤੀਆਂ ਤੋਂ ਭਾਸ਼ਾ ਸੇਵਾ ਦੀਆਂ ਜ਼ਰੂਰਤਾਂ ਦਾ ਡਾਟਾ ਇਕੱਤਰ ਕਰਨਾ ਜਾਰੀ ਰੱਖਿਆ ਜਾਵੇਗਾ।<br>• ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਬਾਰੇ ਸਾਡੇ ਮੌਜੂਦਾ ਉਪਾਵਾਂ ਬਾਰੇ ਸਰਵਿਸ ਕਾਊਂਟਰ 'ਤੇ ਸੇਵਾ ਕਰ ਰਹੇ ਸਟਾਫ ਦੀ ਫੀਡਬੈਕ ਨਿਯਮਿਤ ਤੌਰ 'ਤੇ ਇਕੱਤਰ ਕੀਤੀ ਜਾਂਦੀ ਰਹੇਗੀ। |
| ਕੀਤੇ ਗਏ/ ਕੀਤੇ ਜਾਣ ਵਾਲੇ ਹੋਰ ਉਪਾਅ | • ਸਰਵਿਸ ਕਾਊਂਟਰ 'ਤੇ ਸੇਵਾ ਨਿਭਾ ਰਹੇ ਸਟਾਫ ਨੂੰ ਨਸਲੀ ਸੰਵੇਦਨਸ਼ੀਲਤਾ ਅਤੇ ਸਭਿਆਚਾਰਕ ਵਿਭਿੰਨਤਾ ਦੀ ਸਿਖਲਾਈ ਵਿੱਚ ਸ਼ਾਮਲ ਹੋਣ ਦਾ ਪ੍ਰਬੰਧ ਕੀਤਾ ਜਾਂਦਾ ਰਹੇਗਾ, ਜੋ ਵੱਖ-ਵੱਖ ਨਸਲੀ ਸਮੂਹਾਂ ਦੇ ਮੁਲਾਕਾਤੀਆਂ ਨੂੰ ਉਨ੍ਹਾਂ ਲਈ ਸੇਵਾ ਪ੍ਰਦਾਨ ਕਰਨ ਵਿੱਚ ਵਾਧਾ ਕਰੇਗੀ। |

ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਤੇ ਮੌਜੂਦਾ ਅਤੇ ਯੋਜਨਾਬੱਧ ਉਪਾਵਾਂ ਬਾਰੇ ਪੁੱਛ-ਗਿੱਛ ਲਈ, ਕਿਰਪਾ ਕਰਕੇ ਡਿਪਟੀ ਵਿਭਾਗੀ ਸਕੱਤਰ, ਸ਼੍ਰੀ ਐਲਨ ਲੀ ਨਾਲ ਹੇਠਾਂ ਦਿੱਤੇ ਮਾਧਿਅਮਾਂ ਰਾਹੀਂ ਸੰਪਰਕ ਕਰੋ -


| | | |
|---|---|---|
| ਟੈਲੀਫੋਨ ਨੰ. | : | 2867 3387 |
| ਫੈਕਸ ਨੰ. | : | 2824 2087 |
| ਈਮੇਲ | : | akklee@aud.gov.hk |
| ਡਾਕ ਲਈ ਪਤਾ | : | 6th floor, High Block, Queensway Government Offices, 66 Queensway, Hong Kong |


**ਆਡਿਟ ਕਮਿਸ਼ਨ**

**ਮਈ 2023**